**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ**
**ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ,ਚੰਡੀਗੜ੍ਹ**
**ਟੈਲੀਫੋਨ ਨੰ: 2624637, ਫੈਕਸ ਨੰ: 2624687 ਈ.ਮੇਲ-dgsepunjab18@gmail.com**

ਵੱਲ

ਡਾਇਰੈਕਟਰ ਜਨਰਲ
ਪੁਸ਼ਪਾ ਗੁਜਰਾਲ ਸਾਇੰਸ ਸਿਟੀ
ਕਪੂਰਥਲਾ ।

ਮੀਮੋ ਨੰ:ਸਸਅ/ਏ.ਐਸ.ਪੀ.ਡੀ/ਸਾਇੰਸ/2012/000983-000984
ਮਿਤੀ,ਚੰਡੀਗੜ੍ਹ: 20.01.2012

**ਵਿਸ਼ਾ:- ਛੇਵੀਂ ਤੋਂ ਅੱਠਵੀ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਪੁਸ਼ਪਾ ਗੁਜਰਾਲ ਸਾਇੰਸ ਸਿਟੀ,ਕਪੂਰਥਲਾ ਦੀ ਵਿਜ਼ਿਟ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਵਲੋਂ ਪੱਤਰ ਨੰ:PGSC/2676 ,ਮਿਤੀ 10.01.2013 ਰਾਹੀਂ **ਜਨਰਲ ਵਰਗ** ਅਤੇ PGSC/2677, ਮਿਤੀ 10.01.2013 ਰਾਹੀਂ ਅਨੁਸੂਚਿਤ ਜਾਤੀ ਦੇ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੀ ਗ੍ਰਾਂਟ ਇੰਨ ਏਡ ਰਾਹੀਂ ਪੁਸ਼ਪਾ ਸਾਇੰਸ ਸਿਟੀ ਵਿਜ਼ਿਟ ਕਰਵਾਉਣ ਤਹਿਤ ਪ੍ਰੋਪੋਜ਼ਲਾਂ ਪ੍ਰਾਪਤ ਹੋਈਆਂ ਸਨ।ਇਹਨਾਂ ਪੱਤਰਾਂ ਦੀ ਪਾਲਣਾ ਹਿੱਤ, ਇਸ ਦਫ਼ਤਰ ਦੇ ਪੱਤਰ ਨੰ:ਸਸਅ/ਏ.ਐਸ.ਪੀ.ਡੀ/ਸਾਇੰਸ/2012/000876 ਮਿਤੀ 17.01.2013 ਰਾਹੀਂ ਵਿਦਿਆਰਥੀਆਂ ਨੂੰ ਸਾਇੰਸ ਸਿਟੀ ਵਿਜ਼ਿਟ ਕਰਵਾਉਣ ਲਈ ਪੱਤਰ ਜਾਰੀ ਕੀਤਾ ਗਿਆ ਸੀ।

**2.0** ਇਸ ਮਸਲੇ ਨੂੰ ਮੁੜ ਵਿਚਾਰਦੇ ਹੋਏ ਫੈਸਲਾ ਕੀਤਾ ਗਿਆ ਕਿ ਵੱਖ-ਵੱਖ ਜਿਲ੍ਹਿਆ ਦੇ ਸਕੂਲਾਂ ਵਿੱਚ ਅਨੁਸੂਚਿਤ ਜਾਤੀ ਅਤੇ **ਜਨਰਲ ਵਰਗ** ਦੇ ਵਿਦਿਆਰਥੀਆਂ ਨੂੰ ਅਲੱਗ ਅਲੱਗ ਤੌਰ ਤੇ ਗੁਰੱਪ ਬਣਾ ਕੇ ਸਾਇੰਸ ਸਿਟੀ ਵਿਖੇ ਭੇਜਣਾ ਉਚਿਤ ਨਹੀਂ ਹੋਵੇਗਾ।ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇੱਕਠੇ ਤੌਰ ਤੇ ਸਾਇਸ ਸਿਟੀ ਭੇਜਣ ਲਈ ਉਪਯੁਕਤ ਪ੍ਰਬੰਧ ਕੀਤੇ ਜਾਣ ਅਤੇ ਇਸ ਸਬੰਧੀ ਨਵੀਆਂ ਤਰੀਕਾਂ ਇਸ ਦਫ਼ਤਰ ਨੂੰ ਭੇਜੀਆਂ ਜਾਣ।

**3.0** ਉਕਤ ਦਾ ਉਤਾਰਾ ਜਿਲ੍ਹਾ ਸਿਖਿਆ ਅਫ਼ਸਰ (ਸੈ.ਸਿ) ਅੰਮ੍ਰਿਤਸਰ,ਫਿਰੋਜ਼ਪੁਰ, ਹੁਸ਼ਿਆਰਪੁਰ, ਜਲੰਧਰ,ਕਪੂਥਲਾ,ਐਸ.ਏ.ਐਸ.ਨਗਰ,ਤਰਨਤਾਰਨ ਨੂੰ ਭੇਜ ਕੇ ਇਸ ਦਫ਼ਤਰ ਦੇ ਪੱਤਰ ਨੰ: ਸਸਅ/ਏ.ਐਸ.ਪੀ.ਡੀ/ਸਾਇੰਸ/2012/000876 ਮਿਤੀ 17.01.2013 ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿੱਚ ਜਾਰੀ ਹਦਾਇਤਾਂ ਨੂੰ ਵਾਪਿਸ ਲਿਆ ਜਾਂਦਾ ਹੈ ਅਤੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਨੂੰ ਉਕੱਤ ਲਿਖੇ ਪੱਤਰ ਦੇ ਜਵਾਬ ਆਉਣ ਉਪਰੰਤ ਨਵੇ ਸਿਰੇ ਤੋਂ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਿਜ਼ਿਟ ਕਰਨ ਸਬੰਧੀ ਤਾਰੀਕਾਂ ਮਿਥੀਆਂ ਜਾਣਗੀਆਂ।

ਸਹੀ/-

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**